# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 11-05-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿੱਚ, ਇੱਕ ਉੱਚ ਪੱਧਰੀ ਮੀਟਿੰਗ ਕੀਤੀ।
- ਭਾਰਤੀ ਹਵਾਈ ਫੌਜ ਨੇ ਕਿਹਾ-ਇਸਨੇ ਆਪ੍ਰੇਸ਼ਨ ਸਿੰਦੂਰ ਵਿੱਚ ਆਪਣੇ ਨਿਰਧਾਰਤ ਕਾਰਜਾਂ ਨੂੰ ਸਫਲਤਾਪੂਰਵਕ, ਸਟੀਕਤਾ ਅਤੇ ਪੇਸ਼ੇਵਰਾਨਾ ਢੰਗ ਨਾਲ ਪੂਰਾ ਕੀਤਾ ਏ।
- ਪੰਜਾਬ ਭਰ ਦੇ ਸਾਰੇ ਵਿਦਿਅਕ ਅਦਾਰੇ - ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ - ਕੱਲ੍ਹ ਮੁੜ ਤੋਂ ਖੁੱਲ੍ਹਣਗੇ।
- ਅੱਜ ਰਾਸ਼ਟਰੀ ਤਕਨਾਲਜੀ ਦਿਵਸ ਏ-ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਮੌਕੇ, ਤਕਨਾਲੋਜੀਆਂ ਵਿਕਸਤ ਕਰਨ ਵਾਲੇ ਭਾਰਤ ਦੇ ਵਿਗਿਆਨੀਆਂ, ਇੰਜੀਨੀਅਰਾਂ ਅਤੇ ਟੈਕਨੀਸ਼ੀਅਨਾਂ ਨੂੰ ਸਲਾਮ ਕੀਤਾ।

- ਪੰਜਾਬ ਪੁਲਿਸ ਨੇ ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਵਿੱਚ ਤਾਇਨਾਤ ਇੱਕ ਅਧਿਕਾਰੀ ਦੀ ਸਰਹੱਦ ਪਾਰ ਜਾਸੂਸੀ ਵਿੱਚ ਸ਼ਮੂਲੀਅਤ ਦਾ ਪਰਦਾਫਾਸ਼ ਕੀਤਾ ਏ।
- ਖੇਲੋ ਇੰਡੀਆ ਯੁਵਾ ਖੇਡਾਂ ਵਿੱਚ ਪੰਜਾਬ ਨੇ ਹੁਣ ਤੱਕ 7 ਸੋਨੇ ਦੇ, 10 ਚਾਂਦੀ ਦੇ ਅਤੇ 10 ਕਾਂਸੀ ਦੇ ਤਮਗਿਆਂ ਸਮੇਤ ਕੁੱਲ੍ਹ 27 ਤਮਗੇ ਜਿੱਤੇ ਨੇ।

---------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਨਵੀਂ ਦਿੱਲੀ ਵਿਖੇ ਆਪਣੇ ਨਿਵਾਸ ਸਥਾਨ 'ਤੇ ਇੱਕ ਉੱਚ ਪੱਧਰੀ ਮੀਟਿੰਗ ਕੀਤੀ। ਰੱਖਿਆ ਮੰਤਰੀ ਰਾਜਨਾਥ ਸਿੰਘ, ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ, ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਚੀਫ਼ ਆਫ਼ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ, ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ, ਜਲ ਸੈਨਾ ਮੁਖੀ ਐਡਮਿਰਲ, ਦਿਨੇਸ਼ ਕੇ ਤ੍ਰਿਪਾਠੀ, ਹਵਾਈ ਸੈਨਾ ਮੁਖੀ, ਏਅਰ ਚੀਫ਼ ਮਾਰਸ਼ਲ ਅਮਰ-ਪ੍ਰੀਤ ਸਿੰਘ ਮੌਜੂਦ ਸਨ। ਇਹ ਮੀਟਿੰਗ ਕੱਲ੍ਹ ਦੋਵਾਂ ਦੇਸ਼ਾਂ ਦੇ ਡਾਇਰੈਕਟਰ ਜਨਰਲ ਆਫ਼

ਮਿਲਟਰੀ ਆਪ੍ਰੇਸ਼ਨਜ਼ DGMOs ਵੱਲੋਂ ਇੱਕ ਦੂਜੇ ਨਾਲ ਗੱਲਬਾਤ ਕਰਨ ਤੋਂ ਬਾਅਦ, ਦੋਵਾਂ ਦੇਸ਼ਾਂ ਵਿਚਕਾਰ ਹੋਈ ਜੰਗਬੰਦੀ ਦੇ ਮੱਦੇਨਜ਼ਰ ਹੋਈ ਏ । ਦੋਵਾਂ ਦੇਸ਼ਾਂ ਦੇ DGMOs ਕੱਲ੍ਹ ਦੁਬਾਰਾ ਗੱਲਬਾਤ ਕਰਨਗੇ ।

---------------------------------------------------------

ਭਾਰਤੀ ਹਵਾਈ ਫੌਜ ਨੇ ਕਿਹਾ-ਇਸਨੇ ਆਪ੍ਰੇਸ਼ਨ ਸਿੰਦੂਰ ਵਿੱਚ ਆਪਣੇ ਨਿਰਧਾਰਤ ਕਾਰਜਾਂ ਨੂੰ ਸਫਲਤਾਪੂਰਵਕ, ਸਟੀਕਤਾ ਅਤੇ ਪੇਸ਼ੇਵਰਾਨਾ ਢੰਗ ਨਾਲ ਪੂਰਾ ਕੀਤਾ ਏ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਹਵਾਈ ਸੈਨਾ ਨੇ ਕਿਹਾ ਏ  ਕਿ ਸਾਰੇ ਆਪ੍ਰੇਸ਼ਨ, ਰਾਸ਼ਟਰੀ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸ਼ਾਨਦਾਰ ਢੰਗ ਨਾਲ ਕੀਤੇ ਗਏ ਸਨ। ਇਹ ਕਾਰਵਾਈਆਂ ਇਸ ਵੇਲੇ ਜਾਰੀ ਨੇ ਅਤੇ ਵਿਸਤ੍ਰਿਤ ਜਾਣਕਾਰੀ ਢੁਕਵੇਂ ਸਮੇਂ 'ਤੇ ਦਿੱਤੀ ਜਾਵੇਗੀ। ਹਵਾਈ ਸੈਨਾ ਨੇ ਸਾਰਿਆਂ ਨੂੰ ਅਟਕਲਾਂ ਤੋਂ ਬਚਣ ਅਤੇ ਗੈਰ-ਪ੍ਰਮਾਣਿਤ ਜਾਣਕਾਰੀ ਸਾਂਝੀ ਨਾ ਕਰਨ ਦੀ ਅਪੀਲ ਕੀਤੀ ਏ ।

---------------------------------------------------------

ਸਰਕਾਰ ਨੇ ਕਿਹਾ ਏ ਕਿ ਜੰਗ ਦੇ ਕਈ ਗੇਮਿੰਗ ਵੀਡੀਓਜ਼, ਹਾਲ ਹੀ ਦੇ

ਭਾਰਤ-ਪਾਕਿਸਤਾਨ ਟਕਰਾਅ ਦੇ ਅਸਲ ਫੁਟੇਜ ਵਜੋਂ ਪ੍ਰਸਾਰਿਤ ਕੀਤਾ ਜਾ ਰਿਹਾ ਏ। ਲੋਕਾਂ ਨੂੰ ਅਜਿਹੇ ਪ੍ਰਚਾਰ ਤੋਂ ਬਚਣ ਦੀ ਸਲਾਹ ਦਿੱਤੀ ਗਈ ਏ। ਪੱਤਰ ਸੂਚਨਾ ਬਿਊਰੋ PIB ਦੀ ਤੱਥਾਂ ਦੀ ਜਾਂਚ ਬਾਰੇ ਇਕਾਈ ਨੇ ਕਿਹਾ ਏ ਕਿ ਸੋਸ਼ਲ ਮੀਡੀਆ 'ਤੇ ਅਜਿਹੇ ਗੇਮਿੰਗ ਵੀਡੀਓ ਵੱਡੀ ਗਿਣਤੀ ਵਿੱਚ ਦਿਖਾਏ ਜਾ ਰਹੇ ਨੇ। ਰੱਖਿਆ ਮੰਤਰੀ ਦਫ਼ਤਰ ਦੇ ਨਾਮ 'ਤੇ ਵਟਸਐਪ 'ਤੇ ਵੀ ਅਜਿਹਾ ਹੀ ਇੱਕ ਸੁਨੇਹਾ ਪ੍ਰਸਾਰਿਤ ਕੀਤਾ ਜਾ ਰਿਹਾ ਏ , ਜਿਸ ਵਿੱਚ ਭਾਰਤ-ਪਾਕਿਸਤਾਨ ਟਕਰਾਅ ਦੀ ਸਥਿਤੀ ਦੇ ਮੱਦੇਨਜ਼ਰ, ਨਾਗਰਿਕ ਤਿਆਰੀਆਂ ਬਾਰੇ ਨਿਰਦੇਸ਼ ਦਿੱਤੇ ਗਏ ਨੇ। PIB ਨੇ ਕਿਹਾ ਏ ਕਿ ਇਹ ਸੁਨੇਹਾ ਫਰਜ਼ੀ ਏ ਅਤੇ ਸਰਕਾਰ ਨੇ ਅਜਿਹੇ ਕੋਈ ਨਿਰਦੇਸ਼ ਜਾਰੀ ਨਹੀਂ ਕੀਤੇ ਨੇ। ਇਸ ਸੰਵੇਦਨਸ਼ੀਲ ਸਮੇਂ ਦੌਰਾਨ ਹਰ ਜਾਣਕਾਰੀ ਦੀ ਧਿਆਨ ਨਾਲ ਜਾਂਚ ਕਰਨਾ ਮਹੱਤਵਪੂਰਨ ਏ। ਭਾਰਤੀ ਹਥਿਆਰਬੰਦ ਸੈਨਾਵਾਂ ਨਾਲ ਸਬੰਧਤ ਕੋਈ ਵੀ ਸ਼ੱਕੀ ਸਮੱਗਰੀ ਜਾਂ ਮੌਜੂਦਾ ਸਥਿਤੀ ਨਾਲ ਸਬੰਧਤ ਕੋਈ ਵੀ ਜਾਣਕਾਰੀ PIB ਫੈਕਟ ਚੈੱਕ ਯੂਨਿਟ ਨੂੰ ਦਿਤੀ ਜਾਣੀ ਚਾਹੀਦੀ ਏ। ਅਜਿਹੀ ਸਮੱਗਰੀ

ਵਟਸਐਪ ਨੰਬਰ 8-7-9-9-7-1-1-2-5-9 ਅਤੇ ਈਮੇਲ ਆਈ.ਡੀ. - ਤੱਥ ਜਾਂਚ pib.gov..in 'ਤੇ ਵੀ ਭੇਜੀ ਜਾ ਸਕਦੀ ਏ।

---------------------------------------------------------

ਪੰਜਾਬ ਭਰ ਦੇ ਸਾਰੇ ਵਿਦਿਅਕ ਅਦਾਰੇ - ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ - ਕੱਲ੍ਹ ਮੋੜ ਤੋਂ ਖੁੱਲ੍ਹਣਗੇ। ਸੂਬੇ ਦੇ ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ X 'ਤੇ ਇਕ ਪੋਸਟ ਸਾਂਝੀ ਕਰਦਿਆਂ ਕਿਹਾ ਨਿਯਮਤ ਜਮਾਤਾਂ ਅਤੇ ਪ੍ਰੀਖਿਆਵਾਂ ਅਕਾਦਮਿਕ ਸਮਾਂ-ਸਾਰਣੀ ਮੁਤਾਬਿਕ ਹੋਣਗੀਆਂ। ਉਨ੍ਹਾਂ ਬਹਾਦਰ ਹਥਿਆਰਬੰਦ ਸੈਨਾਵਾਂ 'ਤੇ ਮਾਣ ਪ੍ਰਗਟ ਕੀਤਾ।

---------------------------------------------------------

ਪੰਜਾਬ ਨੇ, ਰਾਜਸਥਾਨ ਨੂੰ ਆਪਣੀਆਂ ਫੌਜੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ, ਵਾਧੂ ਪਾਣੀ ਛੱਡਣ ਦਾ ਫੈਸਲਾ ਕੀਤਾ ਏ। ਇੱਕ ਬਿਆਨ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਾਜਸਥਾਨ ਸਰਕਾਰ ਵਲੋਂ ਪੰਜਾਬ ਦੇ ਕੋਟੇ ਤੋਂ ਹੋਰ ਪਾਣੀ ਦੀ ਮੰਗ 'ਤੇ, ਦੇਸ਼ ਦੀ ਏਕਤਾ,

ਅਖੰਡਤਾ ਅਤੇ ਪ੍ਰਭੂਸੱਤਾ ਨੂੰ ਸੁਰੱਖਿਅਤ ਰੱਖਣ ਲਈ ਸਰਹੱਦ 'ਤੇ ਤਾਇਨਾਤ ਫੌਜ ਲਈ ਇਹ ਫੈਸਲਾ ਕੀਤਾ ਗਿਆ ਏ।

---------------------------------------------------------------

ਪੰਜਾਬ BJP ਮੁਖੀ ਸੁਨੀਲ ਜਾਖੜ ਨੇ, ਸੂਬੇ ਲਈ ਵਿਸ਼ੇਸ਼ ਆਰਥਿਕ ਪੈਕੇਜ ਦੀ ਤੁਰੰਤ ਲੋੜ ਦਾ ਮੁੱਦਾ ਚੁਕਿਆ ਏ । ਕੱਲ੍ਹ ਚੰਡੀਗੜ੍ਹ ਵਿਖੇ ਹੋਈ ਸਰਬ-ਪਾਰਟੀ ਮੀਟਿੰਗ ਵਿੱਚ, ਉਨ੍ਹਾਂ ਇਹ ਮੁੱਦਾ ਚੁਕਦਿਆਂ ਕਿਹਾ ਕਿ ਸੂਬੇ ਨੂੰ ਇਸ ਦੀ ਸਰਹੱਦੀ ਸਥਿਤੀ ਕਾਰਨ ਮੌਜੂਦਾ ਹਾਲਾਤਾਂ ਵਿੱਚ ਹੀ ਨਹੀਂ, ਸਗੋਂ ਇਤਿਹਾਸਕ ਤੌਰ 'ਤੇ ਵੀ ਨਿਰੰਤਰ ਨੁਕਸਾਨ ਸਹਿਣਾ ਪਿਆ ਏ। ਉਨ੍ਹਾਂ ਸਮੂਹਿਕ ਕਾਰਵਾਈ ਦੀ ਤੁਰੰਤ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਦੀ ਰਣਨੀਤਕ ਸਥਿਤੀ ਅਤੇ ਸਾਲਾਂ ਤੋਂ ਸਰਹੱਦੀ ਖੇਤਰਾਂ ਵਿੱਚ ਪਾਬੰਦੀਆਂ ਅਤੇ ਵਧਦੇ ਸੁਰੱਖਿਆ ਜੋਖਮਾਂ ਨੂੰ ਦੇਖਦਿਆਂ - ਹੁਣ ਕੇਂਦਰ ਤੋਂ ਇੱਕ ਸੰਗਠਿਤ ਅਤੇ ਨਿਰੰਤਰ ਸਹਾਇਤਾ ਦੀ ਲੋੜ ਏ।

ਉਨ੍ਹਾਂ ਕਿਹਾ

**BYTE**

ਸ੍ਰੀ ਜਾਖੜ ਬੀਤੇ ਦਿਨੀ ਫਿਰੋਜ਼ਪੁਰ ਵਿੱਚ ਗੋਲੀਬਾਰੀ ਅਤੇ ਡਰੋਨ

ਹਮਲਿਆਂ ਵਿੱਚ ਜ਼ਖਮੀ ਹੋਏ ਪੀੜਤਾਂ ਦਾ ਹਾਲ ਜਾਨਣ ਲਈ ਅੱਜ ਲੁਧਿਆਣਾ ਸਥਿਤ ਹਸਪਤਾਲ ਵਿੱਚ ਪਹੁੰਚੇ ਹੋਏ ਸਨ।

---------------------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ 'ਆਪ੍ਰੇਸ਼ਨ ਸਿੰਦੂਰ' ਸਿਰਫ਼ ਇੱਕ ਫੌਜੀ ਕਾਰਵਾਈ ਨਹੀਂ, ਬਲਕਿ ਭਾਰਤ ਦੀ ਰਾਜਨੀਤਿਕ, ਸਮਾਜਿਕ ਅਤੇ ਰਣਨੀਤਕ ਇੱਛਾ ਸ਼ਕਤੀ ਦਾ ਪ੍ਰਤੀਕ ਏ। ਅੱਜ ਲਖਨਊ ਵਿੱਚ ਬ੍ਰਹਮੋਸ ਏਰੋਸਪੇਸ ਏਕੀਕਰਣ ਅਤੇ ਟੈਸਟਿੰਗ ਸਹੂਲਤ ਦਾ ਵਰਚੁਅਲ ਮਾਧਿਅਮ ਰਾਹੀਂ ਉਦਘਾਟਨ ਕਰਦੇ ਹੋਏ, ਰੱਖਿਆ ਮੰਤਰੀ ਨੇ ਕਿਹਾ ਕਿ ਇਹ ਕਾਰਵਾਈ ਦਹਿਸ਼ਤਗਰਦੀ ਖਿਲਾਫ ਭਾਰਤ ਦੀ ਮਜ਼ਬੂਤ ਇੱਛਾ ਸ਼ਕਤੀ ਅਤੇ ਫੌਜੀ ਤਾਕਤ ਨੂੰ ਦਰਸਾਉਂਦੀ ਏ। ਉਨ੍ਹਾਂ ਕਿਹਾ ਕਿ ਜਦੋਂ ਵੀ ਭਾਰਤ ਦਹਿਸ਼ਤਗਰਦੀ ਖਿਲਾਫ ਕੋਈ ਕਾਰਵਾਈ ਕਰੇਗਾ, ਤਾਂ ਸਰਹੱਦ ਪਾਰ ਦੇ ਖੇਤਰ ਦਹਿਸ਼ਤਗਰਦਾਂ ਅਤੇ ਉਨ੍ਹਾਂ ਨੂੰ ਪਨਾਹ ਦੇਣ ਵਾਲਿਆਂ ਲਈ ਹੁਣ ਸੁਰੱਖਿਅਤ ਨਹੀਂ ਰਹਿਣਗੇ। ਰੱਖਿਆ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਦਹਿਸ਼ਤਗਰਦੀ ਖ਼ਿਲਾਫ਼ ਬਿਲਕੁਲ ਵੀ ਨਾ ਬਰਦਾਸ਼ਤ ਕਰਨ ਦੀ ਨੀਤੀ ਅਪਣਾਈ ਏ।

**BYTE-**

---------------------------------------------------

ਅੱਜ ਰਾਸ਼ਟਰੀ ਤਕਨਾਲੋਜੀ ਦਿਵਸ ਏ । ਇਹ ਦਿਨ ਦੇਸ਼ ਦੀ ਤਰੱਕੀ ਅਤੇ ਵਿਕਾਸ ਵਿੱਚ, ਤਕਨਾਲੋਜੀ ਦੀ ਅਹਿਮ ਭੂਮਿਕਾ ਦੀ ਯਾਦ ਦਿਵਾਉਂਦਾ ਏ।

***ਪੇਸ਼ ਏ ਇੱਕ ਰਿਪੋਰਟ -1998 ਵਿੱਚ ਅੱਜ ਦੇ ਹੀ ਦਿਨ, ਭਾਰਤ ਨੇ ਰਾਜਸਥਾਨ ਦੇ ਪੋਖਰਣ ਵਿੱਚ ਪ੍ਰਮਾਣੂ ਬੰਬ ਦਾ ਸਫਲ ਪ੍ਰੀਖਣ ਕੀਤਾ ਸੀ। ਇਸੇ ਦਿਨ ਦੀ ਯਾਦ ਵਿੱਚ, ਉਸ ਸਮੇਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵਲੋਂ 11 ਮਈ ਨੂੰ ਰਾਸ਼ਟਰੀ ਤਕਨਾਲੋਜੀ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਸੀ। ਇਹ ਦਿਨ ਸਾਡੇ ਵਿਗਿਆਨੀਆਂ ਅਤੇ ਇੰਜੀਨੀਅਰਾਂ ਦੀ ਸਖ਼ਤ ਮਿਹਨਤ ਦੇ ਸਨਮਾਨ ਵਿੱਚ ਮਨਾਇਆ ਜਾਂਦਾ ਏ, ਜੋ ਭਾਰਤ ਨੂੰ ਮਜ਼ਬੂਤ ਅਤੇ ਆਤਮ-ਨਿਰਭਰ ਬਣਾਉਂਦੇ ਨੇ। ਇਸ ਦੇ ਨਾਲ ਹੀ ਤਕਨਾਲੋਜੀ ਦਿਵਸ ਦਾ ਉਦੇਸ਼, ਰੋਜ਼ਾਨਾ ਜੀਵਨ ਵਿੱਚ ਤਕਨਾਲੋਜੀ ਦੀ ਭੂਮਿਕਾ 'ਤੇ ਚਾਨਣਾ ਪਾਉਣਾ ਅਤੇ ਵਿਗਿਆਨ ਤੇ ਤਕਨਾਲੋਜੀ ਖੇਤਰ ਵਿੱਚ, ਨੌਜਵਾਨਾਂ ਦੀ***

*ਦਿਲਚਸਪੀ ਨੂੰ ਉਤਸ਼ਾਹਿਤ ਕਰਨਾ ਏ। ਦੇਸ਼ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ, ਜੈਵ - ਤ੍ਕਨੋਲ੍ਜੀ ਅਤੇ ਕੁਆਂਟਮ ਕੰਪਿਊਟਿੰਗ ਵਰਗੀਆਂ ਅਤਿ-ਆਧੁਨਿਕ ਤਕਨਾਲੋਜੀਆਂ ਨਾਲ ਤਰੱਕੀ ਅਤੇ ਨਵੀਆਂ ਕਾਢਾਂ ਨੂੰ ਹੁਲਾਰਾ ਮਿਲਦਾ ਏ। ਇਹ ਦਿਨ ਸਿਰਫ਼ ਤਕਨਾਲੋਜੀ ਦੀ ਤਰੱਕੀ ਹੀ ਨਹੀਂ, ਸਗੋਂ ਦੇਸ਼ ਦੀ ਖੁਦਮੁਖਤਿਆਰੀ, ਆਤਮਨਿਰਭਰਤਾ ਅਤੇ ਵਿਗਿਆਨਕ ਤਰੱਕੀ ਦਾ ਵੀ ਪ੍ਰਤੀਕ ਏ। ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਕਾਜਲ*

---------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਰਾਸ਼ਟਰੀ ਤਕਨਾਲੋਜੀ ਦਿਵਸ 'ਤੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਨੇ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਦੇਸ਼ ਦੇ ਵਿਗਿਆਨੀਆਂ ਪ੍ਰਤੀ ਮਾਣ ਅਤੇ ਸ਼ੁਕਰੀਆ ਅਦਾ ਕਰਨ ਅਤੇ 1998 ਦੇ ਪੋਖਰਣ ਪ੍ਰੀਖਣਾਂ ਨੂੰ ਯਾਦ ਕਰਨ ਦਾ ਦਿਨ ਏ । ਉਨ੍ਹਾਂ ਕਿਹਾ ਕਿ ਇਹ ਭਾਰਤ ਦੇ ਵਿਕਾਸ ਦੇ ਰਾਹ,  ਖਾਸ ਕਰਕੇ ਦੇਸ਼ ਦੀ ਸਵੈ-ਨਿਰਭਰਤਾ ਵੱਲ ਖੋਜ ਵਿੱਚ ਇੱਕ ਮਹੱਤਵਪੂਰਨ ਘਟਨਾ ਸੀ । ਸ਼੍ਰੀ ਮੋਦੀ ਨੇ ਜ਼ਿਕਰ ਕੀਤਾ ਕਿ

ਸਾਡੇ ਲੋਕਾਂ ਦੁਆਰਾ ਸੰਚਾਲਿਤ, ਭਾਰਤ ਤਕਨਾਲੋਜੀ ਦੇ ਵੱਖ-ਵੱਖ ਪਹਿਲੂਆਂ ਵਿੱਚ ਇੱਕ ਵਿਸ਼ਵ ਨੇਤਾ ਵਜੋਂ ਉੱਭਰ ਰਿਹਾ ਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਵਿਗਿਆਨ ਅਤੇ ਖੋਜ ਰਾਹੀਂ ਭਵਿੱਖ ਦੀਆਂ ਪੀੜ੍ਹੀਆਂ ਨੂੰ ਸਸ਼ਕਤ ਬਣਾਉਣ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਏ। ਉਨ੍ਹਾਂ ਕਾਮਨਾ ਕੀਤੀ ਕਿ ਤਕਨਾਲੋਜੀ, ਮਨੁੱਖਤਾ ਨੂੰ ਉੱਚਾ ਚੁੱਕੇ, ਰਾਸ਼ਟਰ ਨੂੰ ਸੁਰੱਖਿਅਤ ਕਰੇ ਅਤੇ ਭਵਿੱਖਮੁਖੀ ਵਿਕਾਸ ਨੂੰ ਅੱਗੇ ਵਧਾਏ।

---------------------------------------------------------------

ਓਧਰ ਵਿਗਿਆਨ ਅਤੇ ਤਕਨਾਲੋਜੀ ਰਾਜ ਮੰਤਰੀ, ਜਤਿੰਦਰ ਸਿੰਘ ਨੇ ਅੱਜ ਨਵੀਂ ਦਿੱਲੀ ਵਿੱਚ ਰਾਸ਼ਟਰੀ ਤਕਨਾਲੋਜੀ ਦਿਵਸ ਦੇ ਮੌਕੇ 'ਤੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੁਆਰਾ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਹਿੱਸਾ ਲਿਆ। ਉਨ੍ਹਾਂ ਨੇ ਇੱਕ ਖ਼ੂਨਦਾਨ ਕੈਂਪ ਦਾ ਉਦਘਾਟਨ ਵੀ ਕੀਤਾ। ਇਸ ਮੌਕੇ 'ਤੇ, ਜਤਿੰਦਰ ਸਿੰਘ ਨੇ ਕਿਹਾ ਕਿ ਰਾਸ਼ਟਰੀ ਤਕਨਾਲੋਜੀ ਦਿਵਸ ਪੋਖਰਣ ਪ੍ਰੀਖਣ ਦੀ ਸਫਲਤਾ ਦੀ ਯਾਦ ਦਿਵਾਉਂਦਾ ਏ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ

ਸ਼ਾਸਨਕਾਲ ਵਿੱਚ ਪਿਛਲੇ ਦਹਾਕੇ ਵਿੱਚ ਵਿਗਿਆਨ, ਕਾਢਾਂ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਬਹੁਤ ਵਿਕਾਸ ਹੋਇਆ ਏ।

----------------------------------------------------------------

ਪੰਜਾਬ ਪੁਲਿਸ ਨੇ ਨਵੀਂ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਵਿੱਚ ਤਾਇਨਾਤ ਇੱਕ ਅਧਿਕਾਰੀ ਦੀ ਸਰਹੱਦ ਪਾਰ ਜਾਸੂਸੀ ਵਿੱਚ ਸ਼ਮੂਲੀਅਤ ਦਾ ਪਰਦਾਫਾਸ਼ ਕੀਤਾ ਏ । ਭਾਰਤੀ ਫੌਜ ਦੀਆਂ ਗਤੀਵਿਧੀਆਂ ਨਾਲ ਸਬੰਧਤ ਸੰਵੇਦਨਸ਼ੀਲ ਜਾਣਕਾਰੀ ਪਾਕਿਸਤਾਨ ਵਿੱਚ ਹੈਂਡਲਰਾਂ ਨੂੰ ਭੇਜਣ ਵਿੱਚ ਸ਼ਾਮਲ ਦੋ ਵਿਅਕਤੀਆਂ ਨੂੰ, ਪੰਜਾਬ ਦੇ ਮਲੇਰਕੋਟਲਾ ਕਸਬੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਏ। ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਏ ਕਿ ਦੋਸ਼ੀ ਗੁਪਤ ਜਾਣਕਾਰੀ ਦੇ ਬਦਲੇ ਔਨਲਾਈਨ ਲੈਣ-ਦੇਣ ਰਾਹੀਂ ਅਦਾਇਗੀ ਪ੍ਰਾਪਤ ਕਰ ਰਹੇ ਸਨ । ਪੁਲਿਸ ਅਨੁਸਾਰ ਗਿਰੋਹ ਦੇ ਵਿੱਤੀ ਸਰੋਤਾਂ ਅਤੇ ਹੋਰ ਮੈਂਬਰਾਂ ਦੀ ਜਾਂਚ ਕੀਤੀ ਜਾ ਰਹੀ ਏ।

-----------------------------------------------------------------

ਖੇਲੋ ਇੰਡੀਆ ਯੁਵਾ ਖੇਡਾਂ ਵਿੱਚ, ਪੰਜਾਬ 7 ਸੋਨੇ ਦੇ, 10 ਚਾਂਦੀ ਦੇ ਅਤੇ 10 ਕਾਂਸੀ ਦੇ ਤਮਗਿਆਂ ਸਮੇਤ ਕੁੱਲ੍ਹ 27 ਤਮਗਿਆਂ ਨਾਲ ਪੰਜਵੇਂ ਸਥਾਨ 'ਤੇ ਏ।

-----------------------------------------------------------------

**ਇਸਦੇ ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 50 ਮਿੰਟ 'ਤੇ ਨਮਸਕਾਰ !**